# ਅੰਗਰੇਜ਼ੀ ਸਿੱਖਣ ਵਿੱਚ ਆਪਣੇ ਬੱਚੇ ਦੀ ਮਦਦ ਕਰੋ




ਸਾਰੇ ਗਰੇਡਾਂ ਲਈ

ਬਹੁਤੇ ਬੱਚੇ ਘਰ ਵਿੱਚ ਅੰਗਰੇਜ਼ੀ ਤੋਂ ਪਹਿਲਾਂ ਹੋਰ ਭਾਸ਼ਾ ਬੋਲਣੀ ਸਿੱਖਦੇ ਹਨ। ਪਹਿਲੀ ਭਾਸ਼ਾ ਦੀ ਚੰਗੀ ਜਾਣਕਾਰੀ ਬੱਚਿਆਂ ਨੂੰ ਵਧੀਆ ਅੰਗਰੇਜ਼ੀ ਸਿੱਖਣ ਵਿੱਚ ਮਦਦ ਕਰੇਗੀ।

## ਆਪਣੇ ਬੱਚੇ ਦੀ ਪਹਿਲੀ ਭਾਸ਼ਾ ਦਾ ਅਭਿਆਸ ਕਰਵਾਓ

ਭਾਵੇਂ ਅੰਗਰੇਜ਼ੀ ਸਿੱਖਣੀ ਜ਼ਰੂਰੀ ਹੈ, ਫ਼ਿਰ ਵੀ ਤੁਹਾਡੇ ਬੱਚੇ ਲਈ ਪਹਿਲੀ ਭਾਸ਼ਾ ਬੋਲਦੇ ਰਹਿਣਾ ਬਰਾਬਰ ਦਾ ਮਹੱਤਵ ਰੱਖਦਾ ਹੈ। ਇਸ ਰਾਹੀਂ ਉਸ ਨੂੰ ਅੰਗਰੇਜ਼ੀ ਛੇਤੀ ਸਿੱਖਣ ਵਿੱਚ ਮਦਦ ਮਿਲੇਗੀ। ਘਰ ਵਿੱਚ ਬੋਲੀ ਜਾਂਦੀ ਭਾਸ਼ਾ ਦੀਆਂ ਯੋਗਤਾਵਾਂ ਉਸ ਅੰਦਰ ਆਤਮ-ਵਿਸ਼ਵਾਸ ਕਾਇਮ ਕਰਦੀਆਂ ਹਨ। ਘਰ ਵਿੱਚ ਤੁਹਾਡੇ ਵੱਲੋਂ ਬੋਲੀ ਜਾਂਦੀ ਭਾਸ਼ਾ ਵਿੱਚ ਤੁਸੀਂ ਆਪਣੇ ਬੱਚੇ ਨਾਲ ਹੇਠ ਲਿਖੇ ਕੰਮ ਕਰ ਸਕਦੇ ਹੋ:

- ਇੱਕ ਦੂਜੇ ਨਾਲ ਗੱਲਬਾਤ ਕਰੋ ਅਤੇ ਪਰਿਵਾਰਕ ਅਨੁਭਵਾਂ ਨੂੰ ਸਾਂਝੇ ਕਰੋ
- ਪਰਿਵਾਰ ਦੇ ਮੈਂਬਰਾਂ ਨੂੰ ਚਿੱਠੀਆਂ ਲਿਖੋ
- ਮਿਲ ਬੈਠ ਕੇ ਸਕੂਲ ਦੇ ਕੰਮ ਦਾ ਰੀਵਿਊ (ਨਜ਼ਰਸਾਨੀ) ਕਰੋ
- ਵੱਖ-ਵੱਖ ਤਰ੍ਹਾਂ ਦੀ ਸਮੱਗਰੀ ਪੜ੍ਹੋ
- ਪੁਸਤਕਾਂ, ਮੂਵੀਆਂ, ਟੀ.ਵੀ. ਸ਼ੋਆਂ ਅਤੇ ਘਟਨਾਵਾਂ ਬਾਰੇ ਵਿਚਾਰ ਵਿਟਾਂਦਰਾ ਕਰੋ
- ਬਾਕਾਇਦਗੀ ਨਾਲ ਪਬਲਿਕ ਲਾਇਬਰੇਰੀ ਜਾਓ ਅਤੇ ਬੱਚੇ ਦੀ ਪਹਿਲੀ ਭਾਸ਼ਾ ਜਾਂ ਅੰਗਰੇਜ਼ੀ ਦੀਆਂ ਪੁਸਤਕਾਂ ਲੈ ਕੇ ਆਓ
- ਬੱਚੇ ਦੀ ਦਿਲਚਸਪੀਆਂ ਅਤੇ ਉਸ ਦੇ ਸ਼ੁਗਲ ਨੂੰ ਉਤਸ਼ਾਹਤ ਕਰੋ



## ਵੱਖ-ਵੱਖ ਸਰਗਰਮੀਆਂ ਅੰਗਰੇਜ਼ੀ ਦੀਆਂ ਯੋਗਤਾਵਾਂ ਨੂੰ ਸਿਰਜਣ ਵਿੱਚ ਮਦਦ ਕਰਦੀਆਂ ਹਨ।

ਹਰ ਰੋਜ਼ ਆਪਣੇ ਬੱਚੇ ਲਈ ਸਮਾਂ ਕੱਢ ਕੇ ਅੰਗਰੇਜ਼ੀ ਸਿੱਖਣ ਵਿੱਚ ਤੁਸੀਂ ਉਸ ਦੀ ਮਦਦ ਕਰ ਸਕਦੇ ਹੋ। ਅੰਗਰੇਜ਼ੀ ਦੀਆਂ ਭਾਸ਼ਾਈ ਯੋਗਤਾਵਾਂ ਨੂੰ ਉੱਨਤ ਕਰਨ ਲਈ ਤੁਸੀਂ ਹੇਠ ਦਰਜ ਕੰਮ ਇਕੱਠੇ ਹੋ ਕੇ ਕਰ ਸਕਦੇ ਹੋ:

- ਆਪਣੇ ਬੱਚੇ ਨਾਲ ਅੰਗਰੇਜ਼ੀ ਦੀ ਵੱਖ ਵੱਖ ਤਰ੍ਹਾਂ ਦੀ ਸਮੱਗਰੀ ਹਰ ਰੋਜ਼ ਪੜ੍ਹੋ। ਤੁਸੀਂ ਪੁਸਤਕਾਂ, ਮੈਗਜ਼ੀਨ, ਸਮਾਚਾਰ-ਪੱਤਰ ਜਾਂ ਮੈਨੂਅਲ ਪੜ੍ਹ ਸਕਦੇ ਹੋ।
- ਜੋ ਕੁਝ ਤੁਸਾਂ ਮਿਲ ਕੇ ਪੜ੍ਹਿਆ ਹੋਵੇ ਉਸ ਬਾਰੇ ਗੱਲਬਾਤ ਕਰੋ। ਬੱਚੇ ਨੂੰ ਸ਼ਨਾਖ਼ਤ ਕਰਨ ਲਈ ਕਹੋ ਕਿ ਕੀ ਇਹ ਗਲਪ, ਗ਼ੈਰ-ਗਲਪ ਸਾਹਿਤ, ਕਵਿਤਾ ਜਾਂ ਗੀਤ ਹੈ।
- ਲਿਖਣ ਦਾ ਅਭਿਆਸ ਕਰਵਾਓ। ਬੱਚੇ ਨੂੰ ਕਹੋ ਕਿ ਉਹ ਸੂਚੀ ਤਿਆਰ ਕਰੇ, ਨੋਟ ਜਾਂ ਡਾਇਰੀ ਲਿਖੇ।
- ਆਪਣੇ ਬੱਚੇ ਨਾਲ ਗੱਲਬਾਤ ਕਰੋ। ਬੋਲਣ ਅਤੇ ਸੁਣਨ ਦੀਆਂ ਯੋਗਤਾਵਾਂ ਕਿਸੇ ਵੀ ਭਾਸ਼ਾ ਲਈ ਬਹੁਤ ਅਹਿਮ ਹੁੰਦੀਆਂ ਹਨ।
- ਨਿਤਾਪ੍ਰਤਿ ਦੀਆਂ ਸਰਗਰਮੀਆਂ ਨਾਲ ਸਬੰਧਤ ਸ਼ਬਦ ਸਿਰਜੋ ਤੇ ਉਨ੍ਹਾਂ ਨੂੰ ਵਰਤੋ। ਬੱਚੇ ਨੂੰ ਕਹੋ ਕਿ ਉਹ ਤੁਹਾਨੂੰ ਦੱਸੇ ਕਿ ਗ੍ਰੌਸਰੀ ਸਟੋਰ ਵਿੱਚ ਵੱਖ ਵੱਖ ਪਦਾਰਥਾਂ ਦੇ ਕੀ ਨਾਂ ਹਨ, ਖਾਣਾ ਪਕਾਉਣ ਲਈ ਕਿਹੜੇ ਤੱਤ ਅਤੇ ਬਰਤਨ ਵਰਤੇ ਜਾਂਦੇ ਹਨ ਅਤੇ ਟੀ.ਵੀ. ਜਾਂ ਪਾਰਕ ਵਿੱਚ ਉਹ ਬੱਚਾ ਕੀ ਚੀਜ਼ਾਂ ਵੇਖਦਾ ਹੈ।
- ਬੱਚੇ ਨਾਲ ਮਿਲ ਕੇ ਸਿਖਿਆ ਦੇ ਅਮਲ ਨੂੰ ਖੇਡ ਬਣਾਓ। ਉਸ ਵੱਲੋਂ ਟੈਲੀਵਿਜਨ ਵੇਖਣ, ਵਿਡੀਉ ਗੇਮਾਂ ਖੇਡਣ ਅਤੇ ਇੰਟਰਨੈੱਟ ਵਰਤਣ ਦੇ ਸਮੇਂ ਨੂੰ ਸੀਮਤ ਕਰੋ। ਇਨ੍ਹਾਂ ਦੀ ਥਾਂ ਰਲ-ਮਿਲ ਕੇ ਖੇਡਾਂ ਖੇਡੋ, ਗਾਓ, ਨੱਚੋ ਜਾਂ ਹੋਰ ਸਰੀਰਕ ਸਰਗਰਮੀਆਂ ਵਿੱਚ ਹਿੱਸਾ ਲਓ।



## ਈ.ਐਸ.ਐੱਲ.(ESL) ਬਾਰੇ ਤੱਥ:

ਅੰਗਰੇਜ਼ੀ ਨੂੰ ਦੂਜੀ ਭਾਸ਼ਾ ਦੇ ਤੌਰ ਤੇ ਸਿੱਖਣ ਦੇ ਚਾਰ ਪੜਾ ਹਨ:

| | |
|---|---|
| ਸਟੇਜ (ਪੜਾ) 1: | ਗੁਜ਼ਾਰਾ ਕਰਨ ਵਾਸਤੇ |
| ਸਟੇਜ (ਪੜਾ) 2: | ਪਰਿਚਿਤ ਸਰਗਰਮੀਆਂ ਅਤੇ ਪ੍ਰਸੰਗ |
| ਸਟੇਜ (ਪੜਾ) 3: | ਬਹੁਤੇ ਪ੍ਰਸੰਗਾਂ ਵਿੱਚ ਆਮ ਕਰ ਕੇ ਸੁਤੰਤਰ |
| ਸਟੇਜ (ਪੜਾ) 4: | ਅੰਗਰੇਜ਼ੀ ਬੋਲਣ ਵਾਲਿਆਂ ਨਾਲ ਵਾਰਤਾਲਾਪ ਵਿੱਚ ਰਵਾਨੀ |

## ਕੀ ਤੁਸੀਂ ਜਾਣਦੇ ਹੋ:

- ਰੋਜ਼ ਵਰਤੀ ਜਾਣ ਵਾਲੀ ਅੰਗਰੇਜ਼ੀ ਸਿੱਖਣ ਲਈ 1-2 ਸਾਲ ਲੱਗ ਜਾਂਦੇ ਹਨ।
- ਸਕੂਲ ਵਿੱਚ ਸਫਲ ਹੋਣ ਵਾਸਤੇ ਅੰਗਰੇਜ਼ੀ ਸਿੱਖਣ ਲਈ ਘੱਟੋ-ਘੱਟ ਸੱਤ ਸਾਲ ਚਾਹੀਦੇ ਹਨ।
- ਅੰਗਰੇਜ਼ੀ ਸਿੱਖਣ ਦੇ ਮੁਢਲੇ ਪੜਾਵਾਂ ਦੌਰਾਨ ਤੇਜ਼ੀ ਨਾਲ ਉੱਨਤੀ ਅਤੇ "ਚੁੱਪ ਦੇ ਖੱਪੇ" ਵੇਖਣ ਵਿੱਚ ਆਉਂਦੇ ਹਨ।
- ਅੰਗਰੇਜ਼ੀ ਸਿੱਖਣ ਤੋਂ ਭਾਵ ਹੈ ਅੰਗਰੇਜ਼ੀ ਸਿੱਖਣਾ ਅਤੇ ਇਸ ਨੂੰ ਹਿਸਾਬ,ਵਿਗਿਆਨ ਅਤੇ ਸਮਾਜਕ ਅਧਿਐਨ ਵਿੱਚ ਵਰਤਣਾ।
- ਦੋ ਜਾਂ ਵੱਧ ਭਾਸ਼ਾਵਾਂ ਦਾ ਗਿਆਨ ਹੁਸ਼ਿਆਰ ਬੁੱਧੀ ਦਾ ਲਖਾਇਕ ਹੁੰਦਾ ਹੈ।
- ਮਿੱਸੀਸਾਗਾ ਪਬਲਿਕ ਲਾਇਬਰੇਰੀ ਵਿੱਚੋਂ 22 ਭਾਸ਼ਾਵਾਂ ਵਿੱਚ ਪੁਸਤਕਾਂ ਮਿਲਦੀਆਂ ਹਨ। ਜਿਹੜੀ ਭਾਸ਼ਾ ਤੁਸੀਂ ਘਰ ਬੋਲਦੇ ਹੋਵੋ, ਉਸ ਭਾਸ਼ਾ ਵਿੱਚ ਪੁਸਤਕਾਂ ਲੈਣ ਲਈ ਸਥਾਨਕ ਲਾਇਬਰੇਰੀ ਦੀ ਵਰਤੋਂ ਕਰੋ।
- ਸਕੂਲ ਵਿੱਚ ਤੁਹਾਡੇ ਬੱਚੇ ਦੀ ਸਿਖਿਆ ਲਈ ਚੰਗੀ ਖ਼ੁਰਾਕ, ਕਸਰਤ, ਨਿਤਾਪ੍ਰਤਿ ਵਾਲੇ ਕੰਮ ਅਤੇ ਸਮੇਂ ਸਿਰ ਸੌਣਾ ਬਹੁਤ ਜ਼ਰੂਰੀ ਹੁੰਦਾ ਹੈ। "ਤੰਦਰੁਸਤ ਦਿਮਾਗ਼ ਤੰਦਰੁਸਤ ਸਰੀਰ ਵਿੱਚ ਹੀ ਰਹਿ ਸਕਦਾ ਹੈ।
- ਬੱਚੇ ਦੇ ਡਾਕਟਰ ਨੂੰ ਬਾਕਾਇਦਾ ਮਿਲਦੇ ਰਹਿਣ ਨਾਲ ਬੱਚੇ ਦੀ ਸੁਣਨ-ਸ਼ਕਤੀ, ਨਜ਼ਰ ਅਤੇ ਅਲਰਜੀਆਂ ਦੀ ਜਾਂਚ ਹੁੰਦੀ ਰਹੇਗੀ।
- ਜਦੋਂ ਬੱਚਾ ਸੰਘਰਸ਼, ਪਰਿਵਾਰਕ ਸਮੱਸਿਆਵਾਂ ਜਾਂ ਧੌਂਸ-ਧੱਕੜ ਨਾਲ ਸਿੱਝਦਾ ਰਿਹਾ ਹੋਵੇ, ਤਾਂ ਉਸ ਲਈ ਸਿੱਖਣਾ ਵਧੇਰੇ ਕਠਨ ਹੁੰਦਾ ਹੈ।

## ਹੇਠ ਲਿਖੇ ਕਾਰਨ ਇਸ ਗੱਲ ਉੱਤੇ ਅਸਰ ਪਾਉਂਦੇ ਹਨ ਕਿ ਤੁਹਾਡਾ ਬੱਚਾ ਕਿੰਨੀ ਛੇਤੀ ਅੰਗਰੇਜ਼ੀ ਸਿੱਖੇਗਾ:

- ਉਮਰ
- ਪਿਛੋਕੜ
- ਕਿੰਨੀ ਦੇਰ ਤੋਂ ਕਨੇਡਾ ਵਿੱਚ ਰਹਿੰਦਾ ਹੈ
- ਕਨੇਡਾ ਦੀ ਸਭਿਆਚਾਰ ਦੀ ਝੁਕਾਅ
- ਵਿਦਿਆ
- ਘਰ ਵਿੱਚ ਬੋਲੀ ਜਾਂਦੀ ਭਾਸ਼ਾ (ਵਾਂ)
- ਘਰ ਵਿੱਚ ਬੋਲੀ ਜਾਂਦੀ ਭਾਸ਼ਾ (ਵਾਂ) ਦੀ ਰਵਾਨਗੀ
- ਅੰਗਰੇਜ਼ੀ ਦੀ ਪਹਿਲਾਂ ਕੀਤੀ ਪੜ੍ਹਾਈ
- ਸਿੱਖਿਆ ਸਬੰਧੀ ਅਸਾਧਾਰਣਤਾਵਾਂ

ਜ਼ਰੂਰੀ ਨੁਕਤਿਆਂ ਦੀ ਇਹ ਸ਼ੀਟ, ਡਾਨਾ ਬੇਲੀ (Donna Bailey) ਅਮ੍ਰਿਤ ਕੌਰ (Amrit Kaur), ਅਮਰਜੀਤ ਰਾਏ (Amarjit Rai) ਅਤੇ ਹੈਲਨ ਸੇ ( Helen Tse) ਅਧਿਾਪਕਾਂ ਵੱਲੋਂ ਤਿਆਰ ਕੀਤੀ ਗਈ ਹੈ।